# ਮੁਹਾਵਰੇ (41-50)

1. **ਕੰਨਾਂ ਨੂੰ ਹੱਥ ਲਗਾਉਣਾ-** (ਤੋਬਾ ਕਰਨੀ) ਜਗਸੀਰ ਨੇ ਜਦੋਂ ਸ਼ਰਾਬ ਨਾ ਪੀਣ ਤੋਂ ਕੰਨਾਂ ਨੂੰ ਹੱਥ ਲਾ ਲਏ ਤਾਂ ਪਰਿਵਾਰ ਨੇ ਸ਼ੁਕਰ ਮਨਾਇਆ।
2. **ਕਲਮ ਦਾ ਧਨੀ-** (ਸਫ਼ਲ ਲੇਖਕ) ਭਾਈ ਵੀਰ ਸਿੰਘ ਜੀ ਕਲਮ ਦੇ ਧਨੀ ਸਨ।
3. **ਕੰਨਾਂ 'ਤੇ ਜੂੰ ਨਾ ਸਰਕਣੀ-** (ਕੋਈ ਅਸਰ ਨਾ ਹੋਣਾ) ਸਮੀਰ ਦੀ ਮਾਂ ਨੇ ਉਸ ਨੂੰ ਬੁਰੀ ਸੰਗਤ ਕਰਨ ਤੋਂ ਰੋਕਿਆ ਪਰ ਉਸ ਦੇ ਕੰਨਾਂ 'ਤੇ ਜੂੰ ਨਾ ਸਰਕੀ।
4. **ਕੰਨੀਂ ਕਤਰਾਉਣਾ-** (ਜੀਅ ਚੁਰਾਉਣਾ) ਜੇ ਸਫ਼ਲਤਾ ਹਾਸਲ ਕਰਨੀ ਹੈ ਤਾਂ ਮਿਹਨਤ ਤੋਂ ਕੰਨੀਂ ਨਹੀਂ ਕਤਰਾਉਣੀ ਚਾਹੀਦੀ।
5. **ਖੁੰਬ ਠੱਪਣੀ-** (ਬਹੁਤ ਕੁੱਟਣਾ) ਲੋਕਾਂ ਨੂੰ ਲਾਰੇ ਲਾ ਕੇ ਵੋਟਾਂ ਮੰਗਣ ਵਾਲ਼ਿਆਂ ਦੀ ਲੋਕਾਂ ਨੇ ਭੇਤ ਖੋਲ੍ਹ ਕੇ ਭਰੇ ਜਲਸੇ ਵਿੱਚ ਖੁੰਬ ਠੱਪ ਦਿੱਤੀ।
6. **ਖ਼ੂਨ ਖੌਲਣਾ-** (ਗੁੱਸਾ ਆਉਣਾ) ਬੇਇਨਸਾਫ਼ੀ ਹੁੰਦੀ ਵੇਖ ਮੇਰਾ ਖ਼ੂਨ ਖੌਲ ਉੱਠਦਾ ਹੈ।
7. **ਖਿਚੜੀ ਪਕਾਉਣੀ-** (ਸਲਾਹਾਂ ਕਰਨੀਆਂ) ਸੀਤਾ ਅਤੇ ਗੀਤਾ, ਸੁਨੀਤਾ ਦੇ ਖ਼ਿਲਾਫ਼ ਹਰ ਵੇਲ਼ੇ ਪਤਾ ਨਹੀਂ ਕੀ ਖਿਚੜੀ ਪਕਾਉਂਦੀਆਂ ਰਹਿੰਦੀਆਂ ਹਨ।
8. **ਖੰਡ-ਖੀਰ ਹੋਣਾ-** (ਇੱਕ-ਮਿੱਕ ਹੋਣਾ) ਜਦੋਂ ਘਰ ਵਿੱਚ ਸੱਸ ਅਤੇ ਨੂੰਹ ਖੰਡ-ਖੀਰ ਹੋ ਰਹਿੰਦੀਆਂ ਹਨ ਤਾਂ ਸਭ ਨੂੰ ਚੰਗਾ ਲੱਗਦਾ ਹੈ।
9. **ਖੇਰੂੰ-ਖੇਰੂੰ ਹੋਣਾ-** (ਨਿੱਖੜ ਜਾਣਾ) ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਅੰਦਰੂਨੀ ਸਾਜ਼ਸ਼ਾਂ ਅਤੇ ਅੰਗਰੇਜ਼ਾਂ ਦੀ ਕੂਟਨੀਤੀ ਕਾਰਨ ਸਿੱਖ ਰਾਜ ਖੇਰੂੰ-ਖੇਰੂੰ ਹੋ ਗਿਆ।
10. **ਖਾਰ ਖਾਣੀ-** (ਈਰਖਾ ਕਰਨੀ) ਕਿਸੇ ਦੀ ਤਰੱਕੀ ਹੁੰਦੀ ਵੇਖ ਕੇ ਸਾਨੂੰ ਖਾਰ ਨਹੀਂ ਖਾਣੀ ਚਾਹੀਦੀ।